**URGENT**

**BUDGET MATTER**

ਨੰ:8/1/2016-5ਵਿ.ਬ.1/919
ਪੰਜਾਬ ਸਰਕਾਰ
ਵਿੱਤ ਵਿਭਾਗ
(ਵਿੱਤ ਬਜਟ-1 ਸ਼ਾਖਾ)

ਮਿਤੀ,ਚੰਡੀਗੜ੍ਹ: ੦੧ ਮਈ,੨੦੧੭

ਸੇਵਾ ਵਿਖੇ,

ਸਮੂਹ ਵਿਭਾਗਾਂ ਦੇ ਮੁੱਖੀ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਡਵੀਜਨਾਂ ਦੇ ਕਮਿਸ਼ਨਰ, ਜਿਲ੍ਹਾ ਤੇ ਸੈਸ਼ਨ ਜੱਜ ਅਤੇ
ਸਮੂਹ ਡਿਪਟੀ ਕਮਿਸ਼ਨਰ,
ਪੰਜਾਬ ਰਾਜ ਵਿਚ।

ਵਿਸ਼ਾ: ਗੈਸਟ ਹਾਊਸ/ ਟਰਾਂਜ਼ਿਟ ਕੈਂਪ/ ਰੈਸਟ ਹਾਊਸ ਆਦਿ ਕਿਰਾਏ ਤੇ ਲੈਣ ਸਬੰਧੀ।

******

ਇਹ ਵੇਖਣ ਵਿਚ ਆਇਆ ਹੈ ਕਿ ਪੰਜਾਬ ਸਰਕਾਰ ਦੇ ਵਿਭਾਗਾਂ ਅਤੇ ਅਦਾਰਿਆਂ ਵੱਲੋਂ ਆਪਣੇ ਗੈਸਟ ਹਾਊਸ/ਟਰਾਂਜ਼ਿਟ ਕੈਂਪ/ ਰੈਸਟ ਹਾਊਸ ਆਦਿ ਦੇ ਤੌਰ ਤੇ ਵਰਤਣ ਲਈ ਪ੍ਰਾਈਵੇਟ ਬਿਲਡਿੰਗਾਂ ਨੂੰ ਕਿਰਾਏ ਤੇ ਲਿਆ ਗਿਆ ਹੈ ਜਾਂ ਲੋੜ ਪੈਣ ਤੇ ਲੈਂ ਲਏ ਜਾਂਦੇ ਹਨ। ਰਾਜ ਦੀ ਕਮਜ਼ੋਰ ਮਾਲੀ ਹਾਲਤ ਕਾਰਣ ਸਰਕਾਰ ਨੇ ਇਹ ਫੈਸਲਾ ਲਿਆ ਹੈ ਕਿ ਜੇਕਰ ਕਿਸੇ ਵਿਭਾਗ/ ਸਰਕਾਰੀ ਅਦਾਰੇ ਦੇ ਕਿਸੇ ਅਧਿਕਾਰੀ/ ਕਰਮਚਾਰੀ ਨੂੰ ਸਰਕਾਰੀ ਕੰਮ ਲਈ ਆਪਣੇ ਹੈੱਡ ਕੁਆਰਟਰ ਤੋਂ ਬਾਹਰ ਜਾ ਕੇ ਠਹਿਰਣਾ ਪੈਂਦਾ ਹੈ ਤਾਂ ਦਿੱਲੀ/ ਚੰਡੀਗੜ੍ਹ/ ਹੋਰ ਸਥਾਨਾਂ ਵਿਖੇ ਪੰਜਾਬ ਭਵਨ ਜਾਂ ਸਰਕਾਰੀ ਗੈਸਟ ਹਾਊਸ ਵਿਖੇ ਹੀ ਠਹਿਰਾਇਆ ਜਾਵੇ। ਜੇਕਰ ਕਿਸੇ ਅਜਿਹੇ ਸਥਾਨ ਤੇ ਜਾਣਾ ਹੋਵੇ ਜਿੱਥੇ ਸਰਕਾਰੀ ਗੈਸਟ ਹਾਊਸ ਨਾ ਹੋਵੇ ਜਾਂ ਪੰਜਾਬ ਭਵਨ ਜਾਂ ਸਰਕਾਰੀ ਗੈਸਟ ਹਾਊਸ ਵਿਚ ਰਿਹਾਇਸ਼ ਲਈ ਜਗ੍ਹਾ ਨਾ ਮਿਲ ਸਕੇ ਤਾਂ ਅਧਿਕਾਰੀ/ ਕਰਮਚਾਰੀ ਦੀ ਰੂਲਾਂ ਅਨੁਸਾਰ ਬਣਦੀ ਪਾਤਰਤਾ ਅਨੁਸਾਰ ਹੋਟਲ ਵਿਚ ਠਹਿਰਾਇਆ ਜਾਵੇ ਜਿਸ ਲਈ ਸਰਕਾਰ ਵੱਲੋਂ ਟੀ.ਏ. ਬਿੱਲ ਦੀ ਰੂਲਾਂ ਅਨੁਸਾਰ ਅਦਾਇਗੀ ਕੀਤੀ ਜਾਂਦੀ ਹੈ।

2. ਸਰਕਾਰੀ ਵਿਭਾਗਾਂ/ ਅਦਾਰਿਆਂ ਵੱਲੋਂ ਇਹ ਸੁਨਿਸ਼ਚਿਤ ਕੀਤਾ ਜਾਵੇ ਕਿ ਉਨ੍ਹਾਂ ਵੱਲੋਂ ਕੋਈ ਵੀ ਪ੍ਰਾਈਵੇਟ ਬਿਲਡਿੰਗ ਨੂੰ ਗੈਸਟ ਹਾਊਸ/ ਰੈਸਟ ਹਾਊਸ/ ਟਰਾਂਜ਼ਿਟ ਕੈਂਪ ਆਦਿ ਦੇ ਵਰਤਣ

ਚਲਦਾ ਪੰਨਾ... 2

ਲਈ ਕਿਰਾਏ ਤੇ ਨਾ ਲਿਆ ਜਾਵੇ ਅਤੇ ਜੇਕਰ ਕੋਈ ਪਹਿਲਾਂ ਕਿਰਾਏ ਤੇ ਲਿਆ ਹੋਇਆ ਹੈ ਤਾਂ ਉਸ ਨੂੰ ਤੁਰੰਤ ਐਗਰੀਮੈਂਟ ਦੇ ਕਲਾਜ਼ਿਜ ਅਨੁਸਾਰ ਖਾਲੀ ਕੀਤਾ ਜਾਵੇ। ਇਨ੍ਹਾਂ ਹਦਾਇਤਾਂ ਦੀ ਸਖਤੀ ਨਾਲ ਪਾਲਣਾ ਕੀਤੀ ਜਾਵੇ। ਜੇਕਰ ਅਜਿਹੀ ਬਿਲਡਿੰਗ ਨੂੰ 30-06-2017 ਤੋਂ ਬਾਅਦ ਖਾਲੀ ਨਾ ਕੀਤਾ ਜਾ ਸਕੇ ਅਤੇ ਉਸ ਨੂੰ ਰੱਖਣਾ ਅਤੀ ਜ਼ਰੂਰੀ ਹੋਵੇ ਤਾਂ ਇਸ ਸਬੰਧੀ ਵਿੱਤ ਵਿਭਾਗ ਦੀ ਪ੍ਰਵਾਨਗੀ ਮਿਤੀ 30-06-2017 ਤੋਂ ਪਹਿਲਾਂ ਪਹਿਲਾਂ ਲੈਣੀ ਸੁਨਿਸ਼ਚਿਤ ਕੀਤੀ ਜਾਵੇ।

3. ਜੇਕਰ ਉਸ ਦੇ ਕਿਰਾਏ ਦੀ ਕੀਤੀ ਜਾਂਦੀ ਅਦਾਇਗੀ ਸਰਕਾਰ ਦੇ ਨੋਟਿਸ ਵਿਚ ਆਉਂਦੀ ਹੈ ਤਾਂ ਇਸ ਅਦਾਇਗੀ ਲਈ ਸਬੰਧਿਤ ਵਿਭਾਗ/ ਅਦਾਰੇ ਦਾ ਮੁੱਖੀ/ ਪ੍ਰਬੰਧਕੀ ਸਕੱਤਰ ਸਿੱਧੇ ਤੌਰ ਤੇ ਜ਼ਿੰਮੇਵਾਰ ਹੋਣਗੇ ਅਤੇ ਇਨ੍ਹਾਂ ਹਦਾਇਤਾਂ ਦੇ ਜਾਰੀ ਹੋਣ ਤੋਂ ਉਪਰੰਤ ਦਿੱਤੇ ਗਏ ਕਿਰਾਏ ਦੀ ਵਸੂਲੀ ਤੋਂ ਇਲਾਵਾ ਇਨ੍ਹਾਂ ਖਿਲਾਫ਼ ਬਣਦੀ ਅਨੁਸ਼ਾਸਨੀ ਕਾਰਵਾਈ ਆਰੰਭੀ ਜਾਵੇਗੀ।

3. ਇਹ ਹਦਾਇਤਾਂ ਸਹਿਕਾਰੀ ਅਦਾਰੇ/ ਪੰਜਾਬ ਸਰਕਾਰ ਦੀਆਂ ਕਾਰਪੋਰੇਸ਼ਨਾਂ/ ਬੋਰਡਾਂ/ ਕਮਿਸ਼ਨਾਂ/ ਟ੍ਰਿਬਿਊਨਲਜ਼/ ਸੁਸਾਇਟੀਆਂ ਅਤੇ ਸਥਾਨਕ ਸਰਕਾਰ ਵਿਭਾਗ/ ਪੰਚਾਇਤੀ ਰਾਜ ਵਿਭਾਗ ਦੀਆਂ ਸੰਸਥਾਵਾਂ ਤੇ ਵੀ ਲਾਗੂ ਹੋਣਗੀਆਂ।

ਅਧੀਨ ਸਕੱਤਰ ਵਿੱਤ

ਉਪਰੋਕਤ ਦਾ ਉਤਾਰਾ ਸਮੂਹ ਵਿੱਤੀ ਕਮਿਸ਼ਨਰ/ ਪ੍ਰਮੁੱਖ ਸਕੱਤਰ/ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ ਵਿੱਤ

ਸੇਵਾ ਵਿਖੇ,

ਸਮੂਹ ਵਿੱਤੀ ਕਮਿਸ਼ਨਰ/ ਪ੍ਰਮੁੱਖ ਸਕੱਤਰ/ ਪ੍ਰਬੰਧਕੀ ਸਕੱਤਰ,
ਡਾਇਰੈਕਟਰ ਡਿਸਇਨਵੈਸਟਮੈਂਟ ਪੰਜਾਬ ਸਰਕਾਰ।

ਅੰ:ਵਿ:ਪੱ:ਨੰ: 8/01/2016-5ਵਿਬ1/920 ਮਿਤੀ, ਚੰਡੀਗੜ੍ਹ: 09 ਮਈ, 2017